# "ਪੰਥ ਰਤਨ" ਭਾਈ ਜਸਬੀਰ ਸਿੰਘ ਜੀ ਖੰਨੇ ਵਾਲਿਆਂ ਦੀ ਅਭੁੱਲ ਯਾਦ ਵਿੱਚ ਡਿਕਸੀ ਗੁਰੂ ਘਰ ਵਿਖੇ ਗੁਰਮਤਿ ਸਮਾਗਮ

ਜਿਸ ਤਰ੍ਹਾਂ ਕਿ ਆਪ ਸਭ ਜਾਣਦੇ ਹੋ ਕਿ ਪੰਥ ਦੇ ਮਹਾਨ ਗੁਰਸਿੱਖ ਵਿਦਵਾਨ, ਨਿਸ਼ਕਾਮ ਕੀਰਤਨੀਏ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖੰਨੇ ਵਾਲੇ ਆਪਣੀ ਸਰੀਰਕ ਯਾਤਰਾ ਪੂਰੀ ਕਰਦੇ ਹੋਏ 14 ਅਕਤੂਬਰ 2006 ਨੂੰ ਅਕਾਲ ਚਲਾਣਾ ਕਰ ਗਏ ਸਨ। ਅੱਜ ਦੇ ਯੁਗ ਵਿੱਚ ਜਦੋਂ ਭੇਖਧਾਰੀ ਲੋਕਾਂ ਵਲੋਂ ਕੱਚੀ ਬਾਣੀ ਮਨਘੜਤ ਧਾਰਨਾ ਦਾ ਪ੍ਰਚਾਰ ਜੋਰਾਂ ਤੇ ਹੈ, ਪੰਥ ਨੂੰ ਐਸੇ ਕੀਰਤਨੀਏ ਦੀ ਥੋੜ ਹਮੇਸ਼ਾਂ ਪ੍ਰਤੀਤ ਹੁੰਦੀ ਰਹੇਗੀ ਅਤੇ ਭਾਈ ਸਾਹਿਬ ਦੀ ਯਾਦ ਹਮੇਸ਼ਾਂ ਹਰ ਦਿਲ ਵਿੱਚ ਬਣੀ ਰਹੇਗੀ।

ਸਮੁੱਚੀ ਸੰਗਤ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਭਾਈ ਸਾਹਿਬ ਜੀ ਨੂੰ ਸ਼ਰਧਾਂਜਲੀ ਦੇਣ ਲਈ 10 ਨਵੰਬਰ ਦਿਨ ਸ਼ੁੱਕਰਵਾਰ ਸਾਮ 5 ਵਜੇ ਸਮੁੱਚੀ ਸਾਧ ਸੰਗਤ ਟੋਰਾਂਟੋ ਅਤੇ ਉਨਟਾਰੀਓ ਅਤੇ ਡਿਕਸੀ ਗੁਰਦਵਾਰਾ ਸਾਹਿਬ ਦੀ ਸੇਵਾਦਾਰ ਕਮੇਟੀ ਵਲੋਂ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ <u>12 ਨਵੰਬਰ ਦਿਨ ਐਤਵਾਰ ਨੂੰ ਸ਼ਾਮ 5 ਵਜੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਤ 8 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ।</u>

ਜਿਸ ਵਿੱਚ ਪ੍ਰੋ: ਦਰਸਨ ਸਿੰਘ ਜੀ ਖਾਲਸਾ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਉਚੇਚੇ ਤੌਰ ਤੇ ਕੀਰਤਨ ਦੀ ਸੇਵਾ ਕਰਣਗੇ। ਕੀਰਤਨ ਦਰਬਾਰ ਵਿੱਚ ਸਿੰਘ ਸਾਹਿਬ ਗਿਆਨੀ ਚਰਨ ਸਿੰਘ ਜੀ ਅਤੇ ਹੋਰ ਪ੍ਰਸਿਧ ਕੀਰਤਨੀਏ ਅਤੇ ਕਥਾ ਵਾਚਕ ਵੀ ਹਾਜਰੀਆਂ ਲਵਾਉਣਗੇ ਜੀ। ਸ੍ਰੀ ਆਖੰਡ ਪਾਠ ਸਾਹਿਬ ਸੰਗਤਾਂ ਆਪ ਹੀ ਕਰਨਗੀਆਂ, ਸੋ ਕੋਈ ਵੀ ਮਾਈ ਭਾਈ ਪਾਠ ਦੀ ਸੇਵਾ ਕਰਨੀ ਚਾਹੇ ਤਾਂ ਫੋਨ ਨੰ: (647) 866-3718, (416) 953-0526, (905) 670-3311 ਤੇ ਫੋਨ ਕਰਕੇ ਨਾਮ ਲਿਖਵਾ ਸਕਦਾ ਹੈ।

ਸੱਚਮੁੱਚ ਹੀ ਭਾਈ ਜਸਬੀਰ ਸਿੰਘ ਜੀ ਖੰਨੇ ਵਾਲੇ ਇੱਕ ਬਹੁਤ ਹੀ ਪਿਆਰ ਵਾਲੀ ਨੇਕ ਗੁਰਸਿੱਖ ਰੂਹ ਸਨ ਅਤੇ ਇੱਕ ਬਹੁਤ ਹੀ ਅੱਛੇ ਇਨਸਾਨ ਸਨ। ਜਿੱਥੇ ਆਪ ਨਿਰੋਲ ਗੁਰਬਾਣੀ ਕੀਰਤਨ ਅਤੇ ਗੁਰਬਾਣੀ ਦੀ ਕਸਵੱਟੀ ਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲੋ ਨਿਹਾਲ ਕਰਦੇ ਸਨ ਉੱਥੇ ਆਪ ਜੀ ਨੌਜਵਾਨ ਪੀੜ੍ਹੀ ਜੋ ਕਿ ਪਤਿਤਪੁਣੇ ਅਤੇ ਨਸ਼ਿਆਂ ਦੀ ਮਾਰ ਹੇਠ ਕੁਚਲੀ ਗਈ ਹੈ ਨੂੰ ਸੰਭਾਲਨ ਦੇ ਅਨੇਕਾਂ ਹੀ ਸਫਲ ਉੱਦਮ ਉਪਰਾਲੇ ਕਰ ਰਹੇ ਸਨ। ਆਪ ਜੀ ਦੇ ਉੱਦਮ ਉਪਰਾਲਿਆਂ ਸਦਕਾ ਹੀ ਪੰਜਾਬ ਅਤੇ ਭਾਰਤ ਦੇ ਹੋਰ ਅਨੇਕਾਂ ਸੂਬਿਆਂ ਵਿੱਚ ਭਾਈ ਘਨਈਆ ਜੀ ਸੇਵਕ ਜਥੇ ਹੋਂਦ ਵਿੱਚ ਆਏ। ਇਸ ਤਰ੍ਹਾਂ ਆਪ ਜੀ ਨੇ ਗੁਰਸਿੱਖ ਨੌਜਵਾਨਾਂ ਨੂੰ ਤਾਤ ਪਰਾਈ ਮਿਟਾ ਕੇ ਸੇਵਾ ਅਤੇ ਸਿਮਰਨ ਕਰਨ ਵਾਸਤੇ ਪ੍ਰੇਰਿਆ।

ਜਦ ਅਸੀਂ ਭਾਈ ਸਾਹਿਬ ਜੀ ਦੇ ਜੀਵਨ ਕਾਲ ਵੱਲ ਝਾਤੀ ਮਾਰਦੇ ਹਾਂ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਆਪ ਜੀ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਦਿਸ਼ਾ ਪ੍ਰਾਪਤ ਕਰਦੇ ਹੋਏ ਆਪ ਸੱਚ ਦੇ ਮਾਰਗ ਦੇ ਪਾਂਧੀ ਸਨ ਅਤੇ ਜੋ ਵੀ ਵਿਅਕਤੀ ਸੱਚ ਦੇ ਮਾਰਗ ਤੇ ਚੱਲਣ ਦੀ ਚਾਹ ਰੱਖਦਾ ਹੈ ਵਾਸਤੇ ਬਹੁਤ ਹੀ ਲਾਹੇਵੰਦ ਸਾਬਤ ਹੋ ਰਹੇ ਸਨ। ਅੱਜ ਦੇ ਸਮਾਜ ਵਿੱਚ ਜਿੱਥੇ ਡੇਰਾਵਾਦ ਅਤੇ ਪੁਜਾਰੀਵਾਦ ਸਿਖਰਾਂ ਤੇ ਹੈ ਅਤੇ ਗੁਰਸਿੱਖੀ ਦੇ ਭੇਸ ਵਿੱਚ ਪੰਥ ਧਰੋਹੀ ਮਾਡਰਨ ਬਾਬਿਆਂ ਦੀ ਬਗਲਾ ਬ੍ਰਿਗੇਡ ਦਾ ਬੋਲਬਾਲਾ ਨਜਰ ਆ ਰਿਹਾ ਹੈ ਵਿੱਚ ਭਾਈ ਜਸਬੀਰ ਸਿੰਘ ਜੀ ਖੰਨੇ ਵਾਲਿਆਂ ਜਿਹੀ ਗੁਰਸਿੱਖ ਵਿਦਵਾਨ ਸਖਸ਼ੀਅਤ ਦਾ ਸੰਸਾਰਕ ਯਾਤਰਾ ਪੂਰੀ ਕਰ ਕੇ ਉਡਾਰੀ ਮਾਰ ਜਾਣਾ ਸਮੁੱਚੇ ਜਗਤ ਨੂੰ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਭਾਈ ਸਾਹਿਬ ਜੀ ਨੂੰ ਸੱਚੀ ਸ਼ਰਧਾਂਜਲੀ ਇਸ ਵਿੱਚ ਹੀ ਹੋਵੇਗੀ ਜੇਕਰ ਅੱਜ ਅਸੀਂ ਸਾਰੇ ਹੀ ਆਪਸੀ ਗਿਲੇ ਸ਼ਿਕਵੇ ਭੁਲਾ ਕੇ, ਡੇਰਾਵਾਦ ਅਤੇ ਪੁਜਾਰੀਵਾਦ ਸਿਸਟਮ ਨੂੰ ਜੜ੍ਹੋਂ ਖਤਮ ਕਰਕੇ ਸਿਰਫ ਅਤੇ ਸਿਰਫ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋਂ ਦਿਸ਼ਾ ਪ੍ਰਾਪਤ ਕਰਦਿਆਂ ਸੇਵਾ ਅਤੇ ਸਿਮਰਨ ਦੇ ਉਪਰਾਲਿਆਂ ਰਾਹੀਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਅੱਗੇ ਹੀ ਸਮਰਪਣ ਕਰੀਏ ਅਤੇ ਇਸ ਤਰ੍ਹਾਂ ਨਾਲ ਆਪਣੇ ਜੀਵਨ ਅੰਦਰ ਗੁਰਸਿੱਖੀ ਦਾ ਬੋਲਬਾਲਾ ਕਰਨ ਦੇ ਯਤਨ ਕਰੀਏ। ਜਿਸ ਦਿਨ ਸਾਡੇ ਸਾਰਿਆਂ ਦੇ ਆਪਣੇ ਅੰਦਰ ਗੁਰਸਿੱਖੀ ਦਾ ਬੋਲਬਾਲਾ ਹੋ ਜਾਵੇਗਾ ਉਸ ਦਿਨ ਸਮੁੱਚੇ ਜਗਤ ਵਿੱਚ ਸ਼ਾਂਤੀ ਆ ਸਕਦੀ ਹੈ। ਫਿਰ ਇਸ ਤਰ੍ਹਾਂ ਕਰਨ ਨਾਲ ਅਸੀਂ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਦੁਨੀਆਂ ਦੇ ਕੋਨੇ ਕੋਨੇ ਵਿੱਚ ਲੈ ਕੇ ਜਾਣ ਵਿੱਚ ਕਾਮਯਾਬੀ ਹਾਸਲ ਕਰ ਸਕਦੇ ਹਾਂ।